(3)

Office Order-2017

# ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਨਾਭਾ ਰੋਡ, ਪਟਿਆਲਾ

ਨੰਬਰ 688

ਮਿਤੀ 2/3/17

## ਨੋਟੀਫਿਕੇਸ਼ਨ

ਬੋਰਡ ਦੀ ਮਿਤੀ 3.6.2016 ਨੂੰ ਹੋਈ 172ਵੀਂ ਮੀਟਿੰਗ, ਵਿਚ ਲਏ ਗਏ ਫੈਸਲੇ ਅਨੁਸਾਰ ਅਤੇ ਬੋਰਡ ਦੀ ਨੋਟੀਫਿਕੇਸ਼ਨ ਨੰਬਰ SEE(HQ-1)/2013/304 dated 18.7.2013 ਵਿੱਚ ਸੋਧ ਕਰਦੇ ਹੋਏ, HCFs & Common Bio-Medical Waste Treatment Facilities (CBWTFs) ਤੋਂ ਵਾਟਰ ਐਕਟ, 1974 ਅਤੇ ਹਵਾ ਐਕਟ 1981 ਅਧੀਨ ਬੈਡ ਕਪੈਸਿਟੀ ਮੁਤਾਬਿਕ ਕੰਨਸੈਂਟ ਫੀਸ ਚਾਰਜ਼ ਕਰਨ ਲਈ ਨੋਟੀਫਿਕੇਸ਼ਨ ਨੰ: 299 ਮਿਤੀ 1/7/2016 ਜਾਰੀ ਕੀਤੀ ਗਈ ਸੀ।

ਬੋਰਡ ਦੀ ਉਪਰੋਕਤ ਨੋਟੀਫਿਕੇਸ਼ਨ ਦੇ ਸਬੰਧ ਵਿੱਚ ਆਈ.ਐਮ.ਏ. ਵਲੋ ਬੋਰਡ ਦੇ ਚੇਅਰਮੈਨ ਨੂੰ ਮਿਤੀ 19/7/2016 ਨੂੰ ਦਿਤੀ ਗਈ ਲਿਖਤ ਬੇਨਤੀ ਨੂੰ ਧਿਆਨ ਵਿਚ ਰਖਦੇ ਹੋਏ ਮਾਮਲਾ ਬੋਰਡ ਦੀ 173ਵੀਂ ਮੀਟਿੰਗ ਜੋ ਕਿ ਮਿਤੀ 24/8/2016 ਨੂੰ ਹੋਈ ਵਿੱਚ ਮੁੜ ਤੋਂ ਵਿਚਾਰਿਆ ਗਿਆ ਅਤੇ ਬੋਰਡ ਵਲੋਂ ਲਏ ਗਏ ਫੈਸਲੇ ਅਨੁਸਾਰ ਬੋਰਡ ਦੀ ਨੋਟੀਫਿਕੇਸ਼ਲ ਨੰ: 299 ਮਿਤੀ 1/07/2016 ਵਿੱਚ ਅੰਸ਼ਿਕ ਸੋਧ ਕਰਦੇ ਹੋਏ ਕੰਨਸੈਂਟ ਫ਼ੀਸਾਂ ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ।

| ਲੜੀ ਨੰਬਰ | ਕੈਟਾਗਰੀ | ਜਲ ਐਕਟ 1974 ਹੇਠਾਂ ਮੌਜੂਦਾ ਫ਼ੀਸਾਂ | ਹਵਾ ਐਕਟ 1981 ਹੇਠਾਂ ਮੌਜੂਦਾ ਫ਼ੀਸਾਂ | ਜਲ ਐਕਟ 1974 ਹੇਠਾਂ ਪ੍ਰਸਤਾਵਿਤ ਫ਼ੀਸਾਂ | ਹਵਾ ਐਕਟ 1981 ਹੇਠਾਂ ਪ੍ਰਸਤਾਵਿਤ ਫ਼ੀਸਾਂ |
|---|---|---|---|---|---|
| 1 | 1-25 ਬਿਸਤਰਿਆਂ/ਕੁਰਸੀਆਂ | ₹ 5000 | ₹ 5000 | ₹ 1000 | ₹ 1000 |
| 2 | 26-50 ਬਿਸਤਰਿਆਂ/ਕੁਰਸੀਆਂ | ₹ 5000 | ₹ 5000 | ₹ 2000 | ₹ 2000 |

ਇਸ ਤੋਂ ਇਲਾਵਾ ਬੋਰਡ ਦੁਆਰਾ ਨੋਟੀਫਿਕੇਸ਼ਨ ਨੰ: 299 ਮਿਤੀ 1/7/2016 ਰਾਹੀਂ ਨਿਰਧਾਰਿਤ ਕੀਤੀ ਫ਼ੀਸ ਦੇ ਸਬੰਧ ਵਿੱਚ ਸਪਸ਼ਟ ਕੀਤਾ ਜਾਂਦਾ ਹੈ ਕਿ ਬਾਈਓ ਮੈਡੀਕਲ ਵੇਸਟ ਰੂਲਜ਼, 2016 ਅਧੀਨ ਕੋਈ ਵੀ ਆਥੋਰ੍ਹਾਈਜੇਸ਼ਨ ਫ਼ੀਸ ਨਿਰਧਾਰਿਤ ਨਹੀਂ ਕੀਤੀ ਗਈ ਹੈ ਅਤੇ ਸਿਰਫ ਵਾਟਰ ਅਤੇ ਏਅਰ ਕੰਨਸੈਂਟ ਅਧੀਨ ਨਿਰਧਾਰਿਤ ਕੀਤੀਆਂ ਫ਼ੀਸਾਂ ਹੀ ਲਈਆਂ ਜਾਣ ਅਤੇ ਇਹ ਫ਼ੀਸਾਂ 1/4/2016 ਤੋਂ ਲਈਆਂ ਜਾਣ ਕਿਉਂਕਿ ਨਵੇ ਰੂਲ ਮਾਰਚ, 2016 ਵਿੱਚ ਨੋਟੀਫਾਈ ਹੋਏ ਸਨ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

(ਡਾ: ਬਾਬੂ ਰਾਮ)
ਮੈਂਬਰ ਸਕੱਤਰ

ਪਿੱਠ ਅੰਕਣ ਨੰ:.ਸੀ.ਈ.ਈ. (ਹੈ:ਕੁ:-2)/2017/ 10129-174 ਮਿਤੀ 2/3/17

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

1. ਮੁੱਖ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਬਠਿੰਡਾ, ਪਟਿਆਲਾ ਜਲੰਧਰ, ਲੁਧਿਆਣਾ
2. ਸੀਨੀਅਰ ਵਾਤਾਵਰਣ ਇੰਜੀਨੀਅਰ (ਈ.ਪੀ.ਏ/ਹੈਡ ਕੁਆਟਰ-1/2/3), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
3. ਸੀਨੀਅਰ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਜੋਨਲ ਦਫਤਰ, ਪਟਿਆਲਾ-1/2, ਲੁਧਿਆਣਾ-1/2, ਜਲੰਧਰ, ਅੰਮ੍ਰਿਤਸਰ ਅਤੇ ਬਠਿੰਡਾ ।
4. ਸੀਨੀਅਰ ਵਿਗਿਆਨਕ ਅਫਸਰ(ਪ੍ਰਯੋਗਸ਼ਾਲਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
5. ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਪਟਿਆਲਾ, ਲੁਧਿਆਣਾ-1,2,3,4 ਜਲੰਧਰ, ਅੰਮ੍ਰਿਤਸਰ, ਸੰਗਰੂਰ, ਫਰੀਦਕੋਟ, ਫ਼ਤਿਹਗੜ੍ਹ ਸਾਹਿਬ, ਮੁਹਾਲੀ, ਹੁਸ਼ਿਆਰਪੁਰ, ਬਟਾਲਾ ਅਤੇ ਬਠਿੰਡਾ।
6. ਵਾਤਾਵਰਣ ਇੰਜੀਨੀਅਰ,(ਹੈਡ.ਕੁ-1/2/3), ਉਸਾਰੀ/ ਸੀ.ਐਸ.ਏ/ਕੰਪਿਊਟਰ/ਸੀਆ/ਸੀਕ/ ਐਚ.ਡਬਲਯੂ.ਐਮ/ ਆਰ.ਟੀ.ਆਈ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
7. ਪ੍ਰਬੰਧਕੀ ਅਫਸ-1/2, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ
8. ਉਪ ਕੰਟਰੋਲਰ (ਵਿੱਤ ਤੇ ਲੇਖਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
9. ਸਹਾਇਕ ਪ੍ਰਸੋਨਲ ਅਫਸਰ/ ਪੀ.ਐਸ ਟੂ ਚੇਅਰਮੈਨ/ ਪੀ.ਏ ਟੂ ਮੈਂਬਰ ਸਕੱਤਰ/ ਕਾਨੂੰਨੀ ਅਫਸਰ/ ਲਾਈਬਰੇਰੀਅਨ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
10. ਕੇਅਰਟੇਕਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ।

ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
ਕੰਪਿਊਟਰ ਸ਼ਾਖਾ
ਨੰ: 47
ਮਿਤੀ 3/3/17
ਪਟਿਆਲਾ।

(ਡਾ: ਬਾਬੂ ਰਾਮ)
ਮੈਂਬਰ ਸਕੱਤਰ

ਪਿੱਠ ਅੰਕਣ ਨੰ:.ਸੀ.ਈ.ਈ. (ਹੈ:ਕੁ:-2)/2017/ ———— ਮਿਤੀ————.

ਉਪਰੋਕਤ ਦਾ ਉਤਾਰਾ ਡਾ. ਰਜਿੰਦਰ ਸ਼ਰਮਾ, (ਪ੍ਰਧਾਨ, ਇੰਡੀਅਨ ਮੈਡੀਕਲ ਐਸੋਸੇਇਸ਼ਨ, ਪੰਜਾਬ), ਕੁਮਾਰ ਹਸਪਤਾਲ, ਜਲੰਧਰ ਰੋਡ, ਸ਼ਾਲੀਮਾਰ ਬਾਗ, ਹੁਸ਼ਿਆਰਪੁਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

(ਡਾ: ਬਾਬੂ ਰਾਮ)
ਮੈਂਬਰ ਸਕੱਤਰ